## 1. ਡਰਾਈਵਰ

ਇੱਕ ਵਾਰ ਇੱਕ ਡਰਾਈਵਰ ਨੂੰ ਇੱਕ ਪੁਲੀਸ ਅਫ਼ਸਰ ਨੇ ਰੋਕ ਲਿਆ। ਉਹ ਇੱਕ ਚੰਗਾ ਡਰਾਈਵਰ ਸੀ ਅਤੇ ਜਿਥੋਂ ਤਕ ਉਸ ਨੂੰ ਪਤਾ ਸੀ, ਉਸ ਨੇ ਕੋਈ ਗਲਤੀ ਨਹੀਂ ਕੀਤੀ ਸੀ।

ਪੁਲੀਸ ਅਫ਼ਸਰ ਨੇ ਕਿਹਾ, "ਮੈਂ ਤੈਨੂੰ ਇਸ ਲਈ ਰੋਕਿਆ ਹੈ ਕਿਉਂਕਿ ਤੂੰ ਸਕੂਲ ਦੇ ਸਾਹਮਣਿਓਂ 60 ਦੀ ਰਫ਼ਤਾਰ ਨਾਲ ਜਾ ਰਿਹਾ ਸੀ। ਉੱਥੇ 10 ਚਿਤਾਉਣੀਆਂ ਲਿਖੀਆਂ ਸਨ ਕਿ ਰਫ਼ਤਾਰ ਸੀਮਾ 15 ਸੀ, ਪਰ ਤੂੰ ਉਨ੍ਹਾਂ ਸਾਰੀਆਂ ਨੂੰ ਅਣਦੇਖਾ ਕਰ ਦਿੱਤਾ।"

ਜਿਵੇਂ ਉਸ ਡਰਾਈਵਰ ਨੂੰ 10 ਚਿਤਾਉਣੀਆਂ ਦਿੱਤੀਆਂ ਗਈਆਂ ਸਨ, ਉਵੇਂ ਹੀ ਪਰਮੇਸ਼ਰ ਨੇ ਬਾਈਬਲ ਵਿੱਚ 10 ਸਪਸ਼ਟ ਚਿਤਾਉਣੀਆਂ ਦਿੱਤੀਆਂ ਹਨ। ਉਨ੍ਹਾਂ ਨੂੰ 10 ਹੁਕਮ ਕਿਹਾ ਜਾਂਦਾ ਹੈ।

ਕੀ ਤੁਸੀਂ ਕਦੇ ਝੂਠ ਬੋਲਿਆ ਹੈ, ਚੋਰੀ ਕੀਤੀ ਹੈ ਜਾਂ ਪਰਮੇਸ਼ਰ ਦੇ ਨਾਮ ਦੀ ਵਰਤੋਂ ਕਿਸੇ ਗਲਤ ਕੰਮ ਲਈ ਕੀਤੀ ਹੈ? ਜੇਕਰ ਤੁਸੀਂ ਮੇਰੇ ਵਰਗੇ ਹੋ ਤਾਂ ਜਵਾਬ ਹੈ 'ਹਾਂ'।

ਸੁਣੋ ਕਿ ਬਾਈਬਲ ਕੀ ਆਖਦੀ ਹੈ:

- ***ਜੋ ਕੋਈ ਸਾਰੀ ਸ਼ਰਾ ਦੀ ਪਾਲਨਾ ਕਰੇ ਪਰ ਇੱਕ ਗੱਲ ਵਿੱਚ ਭੁੱਲ ਜਾਵੇ ਉਹ ਸਭਨਾਂ ਵਿੱਚ ਦੋਸ਼ੀ ਹੋਇਆ।*** **ਯਾਕੂਬ 2:10**

ਪਰਮੇਸ਼ਰ ਆਖਦੇ ਹਨ ਕਿ ਇੱਕ ਹੁਕਮ ਨੂੰ ਤੋੜ ਕੇ ਵੀ ਅਸੀਂ ਪਾਪ ਕਰਦੇ ਹਾਂ ਅਤੇ ਇਸ ਕਾਰਨ ਅਸੀਂ ਵਿਭਚਾਰ ਅਤੇ ਹੱਤਿਆ ਸਮੇਤ ਸਾਰੇ ਹੁਕਮ ਤੋੜਨ ਦੇ ਦੋਸ਼ੀ ਠਹਿਰਦੇ ਹਾਂ।

- ***ਸਾਡੇ ਪਾਪ ਲਈ ਪਰਮੇਸ਼ਰ ਦੀ ਸਜ਼ਾ ਮੌਤ ਹੈ। (ਨਰਕ ਵਿੱਚ ਭੇਜ ਦਿੱਤਾ ਜਾਣਾ, ਕਿਉਂਕਿ ਪਰਮੇਸ਼ਰ ਆਪਣੀ ਹਜ਼ੂਰੀ ਵਿੱਚ ਪਾਪ ਨੂੰ ਆਉਣ ਦੀ ਇਜਾਜ਼ਤ ਨਹੀਂ ਦੇਣਗੇ।) ਰੋਮੀਆਂ 6:23a***

ਜੇਕਰ ਕਹਾਣੀ ਇੱਥੇ ਹੀ ਮੁੱਕ ਜਾਂਦੀ ਹੈ, ਤਾਂ ਸਾਡੇ ਲਈ ਕੋਈ ਆਸ ਨਹੀਂ ਹੈ...

## 2. ਅਪਰਾਧੀ

ਇੱਕ ਨਿਰਦੋਸ਼ ਵਿਅਕਤੀ ਜੱਜ ਕੋਲ ਆਇਆ ਅਤੇ ਇੱਛਾ ਪ੍ਰਗਟ ਕੀਤੀ ਕਿ ਇੱਕ ਹੱਤਿਆਰੇ ਦੀ ਥਾਂ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਜਾਵੇ। ਜੱਜ ਨੇ ਮਨਜ਼ੂਰੀ ਦੇ ਦਿੱਤੀ। ਅਗਲੇ ਦਿਨ ਜੱਜ ਨੇ ਅਪਰਾਧੀ ਨੂੰ ਕਿਹਾ ਕਿ ਹੁਣ ਤੂੰ ਫੈਸਲਾ ਲੈਣਾ ਹੈ।

"ਤੇਰੀ ਥਾਂ ਇੱਕ ਨਿਰਦੋਸ਼ ਵਿਅਕਤੀ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੈ। ਜੇਕਰ ਤੂੰ ਆਪਣੇ ਅਪਰਾਧ ਲਈ ਉਸ ਦੇ ਹਰਜਾਨੇ ਨੂੰ ਸਵੀਕਾਰ ਕਰ ਲੈਂਦਾ ਹੈਂ ਤਾਂ ਤੂੰ ਰਿਹਾਅ ਹੋ ਜਾਵੇਂਗਾ। ਜੇਕਰ ਤੂੰ ਉਸ ਦੇ ਹਰਜਾਨੇ ਨੂੰ ਸਵੀਕਾਰ ਨਹੀਂ ਕਰਦਾ ਤਾਂ ਤੈਨੂੰ ਤੇਰੇ ਅਪਰਾਧ ਲਈ ਮੌਤ ਦੀ ਸਜ਼ਾ ਦਿੱਤੀ ਜਾਵੇਗੀ। ਤੂੰ ਕੀ ਚੁਣਦਾ ਹੈਂ?"

ਪਰਮੇਸ਼ਰ ਦੇ ਪੁੱਤਰ ਯਿਸੂ ਮਸੀਹ ਪਾਪ ਰਹਿਤ ਸਨ, ਪਰ ਉਨ੍ਹਾਂ ਨੇ ਤੁਹਾਡੇ ਅਤੇ ਮੇਰੇ ਪਾਪਾਂ ਦਾ ਹਰਜਾਨਾ ਭਰਨ ਲਈ ਆਪਣੀ ਇੱਛਾ ਨਾਲ ਆਪਣੀ ਜਾਨ ਦੇ ਦਿੱਤੀ। (ਸਾਡੇ ਪਾਪ ਲਈ ਪਰਮੇਸ਼ਰ ਦੀ ਸਜ਼ਾ ਮੌਤ ਹੈ।) ਤਿੰਨਾਂ ਦਿਨਾਂ ਮਗਰੋਂ ਉਹ ਮ੍ਰਿਤਕਾਂ ਵਿਚੋਂ ਜੀ ਉੱਠੇ।

- ***ਪਰਮੇਸ਼ਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪ੍ਰਗਟ ਕਰਦਾ ਹੈ ਭਈ ਅਸੀਂ ਅਜੇ ਪਾਪੀ ਹੀ ਸਾਂ ਤਾਂ ਮਸੀਹ ਸਾਡੇ ਲਈ ਮਰਿਆ। ਰੋਮੀਆਂ 5:8***
- ***ਪਰਮੇਸ਼ਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ। ਰੋਮੀਆਂ 6:23b***

ਤੁਹਾਡੀ ਥਾਂ 'ਤੇ ਯਿਸੂ ਦੀ ਮੌਤ ਦੇ ਨਤੀਜੇ ਵਜੋਂ ਤੁਹਾਡੇ ਕੋਲ ਦੋ ਚੋਣਾਂ ਹਨ:

ਤੋਬਾ ਕਰਕੇ (ਆਪਣੇ ਪਾਪਾਂ ਨੂੰ ਪਛਾਣ ਕੇ ਅਤੇ ਉਨ੍ਹਾਂ ਤੋਂ ਫਿਰ ਜਾਣ ਦੀ ਇੱਛਾ ਰੱਖ ਕੇ) ਆਪਣੇ ਪਾਪਾਂ ਲਈ ਪਰਮੇਸ਼ਰ ਦੀ ਮਾਫ਼ੀ ਅਤੇ ਸਦੀਪਕ ਜੀਵਨ ਨੂੰ <u>ਪ੍ਰਾਪਤ</u> ਕਰੋ ਅਤੇ ਆਪਣਾ ਭਰੋਸਾ ਯਿਸੂ ਮਸੀਹ 'ਤੇ ਰੱਖੋ।

***ਜਾਂ***

ਪਰਮੇਸ਼ਰ ਦੇ ਸਾਹਮਣੇ ਯਿਸੂ ਮਸੀਹ ਦੁਆਰਾ ਪਰਵਾਨ ਕੀਤੇ ਜਾਣ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਜਾਂ ਵਸਤੂ 'ਤੇ ਭਰੋਸਾ ਰੱਖ ਕੇ ਆਪਣੇ ਪਾਪਾਂ ਲਈ ਪਰਮੇਸ਼ਰ ਦੀ ਮਾਫ਼ੀ ਅਤੇ ਸਦੀਪਕ ਜੀਵਨ ਨੂੰ <u>ਠੁਕਰਾ</u> ਦਿਓ ਅਤੇ ਪਰਮੇਸ਼ਰ ਦੀ ਸ਼ਰਾ ਤੋੜਨ ਦੀ ਸਜ਼ਾ ਆਪ ਸਹੋ।

- ***ਜਿਹੜਾ ਪੁੱਤਰ ਉੱਤੇ ਵਿਸ਼ਵਾਸ ਕਰਦਾ ਹੈ ਸਦੀਪਕ ਜੀਵਨ ਉਸ ਦਾ ਹੈ। ਪਰ ਜੋ ਪੁੱਤਰ ਨੂੰ ਨਹੀਂ ਮੰਨਦਾ ਸੋ ਜੀਵਨ ਨਾ ਵੇਖੇਗਾ, ਸਗੋਂ ਪਰਮੇਸ਼ਰ ਦਾ ਕ੍ਰੋਧ ਉਸ ਉੱਤੇ ਰਹਿੰਦਾ ਹੈ।*** ਯੂਹੰਨਾ 3:36

ਯਿਸੂ ਬਾਰੇ ਜਾਣਕਾਰੀ ਰੱਖਣ ਦਾ ਅਰਥ ਇਹ ਨਹੀਂ ਹੈ ਕਿ ਤੁਸੀਂ ਯਿਸੂ 'ਤੇ ਵਿਸ਼ਵਾਸ ਕਰਦੇ ਹੋ...

## 3. ਹਵਾਈ ਗੋਤਾਖੋਰ

ਹਵਾਈ ਗੋਤਾਖੋਰ ਆਪਣੇ ਪੈਰਾਸ਼ੂਟ 'ਤੇ ਭਰੋਸਾ ਦਿਖਾਉਂਦੇ ਹੋਏ ਹਵਾਈ ਜਹਾਜ਼ ਤੋਂ ਛਾਲ ਮਾਰਦੇ ਹਨ।

ਜਦੋਂ ਪਰਮੇਸ਼ਰ ਦਾ ਆਤਮਾ ਯਿਸੂ ਦੇ ਪੈਰੋਕਾਰਾਂ ਦੇ ਵਿਚਾਰਾਂ ਅਤੇ ਇੱਛਾਵਾਂ ਨੂੰ ਬਦਲਦਾ ਹੈ ਤਾਂ ਉਹ ਦਰਸ਼ਾਉਂਦੇ ਹਨ ਕਿ ਉਨ੍ਹਾਂ ਦਾ ਵਿਸ਼ਵਾਸ ਯਿਸੂ ਮਸੀਹ 'ਤੇ ਹੈ।

- ***ਸੋ ਜੇ ਕੋਈ ਮਸੀਹ ਵਿੱਚ ਹੈ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਉਹ ਨਵੀਆਂ ਹੋ ਗਈਆਂ ਹਨ!*** 2 ਕੁਰਿੰਥੀਆਂ 5:17
- ***ਪਰਮੇਸ਼ਰ ਆਖਦੇ ਹਨ, "ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ।" ਹਿਜ਼ਕੀਏਲ 36:26***

ਜਿਸ ਤਰ੍ਹਾਂ ਮੋਟਰ ਵਰਕਸ਼ਾਪ ਵਿੱਚ ਸਿਰਫ਼ ਪ੍ਰਵੇਸ਼ ਕਰਨ ਨਾਲ ਹੀ ਤੁਸੀਂ ਮਿਸਤ੍ਰੀ ਨਹੀਂ ਬਣ ਜਾਂਦੇ, ਉਸੇ ਤਰ੍ਹਾਂ ਕਲੀਸੀਆ ਵਿੱਚ ਸਿਰਫ਼ ਹਾਜ਼ਰ ਹੋਣ ਨਾਲ ਤੁਸੀਂ ਮਸੀਹੀ ਨਹੀਂ ਬਣ ਜਾਂਦੇ।

ਜੇਕਰ ਤੁਸੀਂ ਪਰਮੇਸ਼ਰ ਦੀ ਮਾਫ਼ੀ ਅਤੇ ਸਦੀਪਕ ਜੀਵਨ ਦਾ ਤੋਹਫ਼ਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਹੇਠ ਲਿਖੀ ਪ੍ਰਾਰਥਨਾ ਕਰੋ:

"ਪ੍ਰਭੂ ਯਿਸੂ, ਮੈਂ ਵਿਸ਼ਵਾਸ ਕਰਦਾ ਹਾਂ ਕਿ ਜਦੋਂ ਤੁਸੀਂ ਸਲੀਬ 'ਤੇ ਜਾਨ ਦਿੱਤੀ ਅਤੇ ਮ੍ਰਿਤਕਾਂ ਵਿਚੋਂ ਜੀ ਉੱਠੇ, ਉਸ ਵੇਲੇ ਤੁਸੀਂ ਮੇਰੇ ਪਾਪਾਂ ਦੀ ਸਜ਼ਾ ਭੁਗਤ ਲਈ। ਮੈਂ ਆਪਣੇ ਪਾਪਾਂ ਤੋਂ ਫਿਰ ਜਾਣਾ ਚਾਹੁੰਦਾ ਹਾਂ ਅਤੇ ਤੁਹਾਨੂੰ ਆਪਣਾ ਪ੍ਰਭੂ ਮੰਨ ਲੈਣਾ ਚਾਹੁੰਦਾ ਹਾਂ। ਹੁਣ, ਮੈਂ ਜ਼ਿੰਦਗੀਭਰ ਤੁਹਾਡੇ ਪਿੱਛੇ ਚੱਲਾਂਗਾ। ਸਦੀਪਕ ਜੀਵਨ ਦੇ ਤੋਹਫ਼ੇ ਲਈ ਤੁਹਾਡਾ ਧੰਨਵਾਦ। ਆਮੀਨ।"

- ***ਜੋ ਕੋਈ ਪ੍ਰਭੂ ਦਾ ਨਾਮ ਲਵੇਗਾ, ਉਹ ਬਚਾਇਆ ਜਾਵੇਗਾ। ਰੋਮੀਆਂ 10:13***

**ਯਿਸੂ ਦੇ ਅਸਲੀ ਪੈਰੋਕਾਰ ਦੀ ਇੱਛਾ ਹੁੰਦੀ ਹੈ ਕਿ ਉਹ:**

- ***ਪ੍ਰਭੂ ਦੇ ਯੋਗ ਜ਼ਿੰਦਗੀ ਜੀਵੇ, ਹਰ ਤਰ੍ਹਾਂ ਨਾਲ ਪ੍ਰਭੂ ਨੂੰ ਪ੍ਰਸੰਨ ਕਰੇ, ਹਰੇਕ ਭਲੇ ਕੰਮ ਦਾ ਫਲ ਫਲੇ ਅਤੇ ਪ੍ਰਭੂ ਦੇ ਗਿਆਨ ਵਿੱਚ ਵਧੇ। ਕੁਲੁੱਸੀਆਂ 1:10***

---

**ਕਿਰਪਾ ਕਰਕੇ ਰੋਜ਼ਾਨਾ ਬਾਈਬਲ ਪੜ੍ਹੋ ਅਤੇ ਅਜਿਹੀ ਕਲੀਸੀਆ ਨਾਲ ਜੁੜ ਜਾਓ ਜਿਹੜੀ ਬਾਈਬਲ ਦੀ ਸਿੱਖਿਆ ਦਿੰਦੀ ਹੋਵੇ।**

www.tracts.com/Punjabi.html

# ਯਿਸੂ ਕੌਣ ਹਨ?



## ਉਨ੍ਹਾਂ ਬਾਰੇ ਨਬੂਵਤਾਂ ਕੀਤੀ ਗਈਆਂ:

### ਦਾਨੀਏਲ ਵੱਲੋਂ

ਮੈਂ ਰਾਤ ਦੀਆਂ ਦਰਿਸ਼ਟੀਆਂ ਵਿੱਚ ਡਿੱਠਾ ਅਤੇ ਵੇਖੋ, ਇੱਕ ਜਣਾ ਮਨੁੱਖ ਦੇ ਪੁੱਤ੍ਰ ਵਰਗਾ ਅਕਾਸ਼ ਦੇ ਬਦਲਾਂ ਸਣੇ ਆਇਆ, ਅਤੇ ਅੱਤ ਪਰਾਚੀਨ ਤੀਕ ਅੱਪੜਿਆ, ਅਤੇ ਓਹ ਉਹ ਨੂੰ ਉਸ ਦੇ ਅੱਗੇ ਲਿਆਏ। ਪਾਤਸ਼ਾਹੀ ਅਰ ਪਰਤਾਪ ਅਰ ਰਾਜ ਉਹ ਨੂੰ ਦਿੱਤਾ ਗਿਆ, ਭਈ ਸੱਭੇ ਕੌਮਾਂ ਅਰ ਲੋਕ ਅਰ ਬੋਲੀਆਂ ਉਹ ਦੀ ਟਹਿਲ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ, ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ। ਦਾਨੀਏਲ 7:13-14

### ਯਸਾਯਾਹ ਵੱਲੋਂ

ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤ੍ਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, “ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ”। ਉਹ ਦੇ ਰਾਜ ਦੀ ਤਰੱਕੀ, ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ, ਦਾਊਦ ਦੀ ਰਾਜ-ਗੱਦੀ ਉੱਤੇ, ਅਤੇ ਉਹ ਦੀ ਪਾਤਸ਼ਾਹੀ ਉੱਤੇ, ਭਈ ਉਹ ਉਸ ਨੂੰ ਕਾਇਮ ਕਰੇ, ਅਤੇ ਨਿਆਉਂ ਤੇ ਧਰਮ ਨਾਲ ਉਸ ਨੂੰ ਹੁਣ ਤੋਂ ਜੁੱਗੋ ਜੁੱਗ ਸੰਭਾਲੇ। ਯਸਾਯਾਹ 9:6-7

ਇਹ ਸਭ ਕੁਝ ਇਸ ਲਈ ਹੋਇਆ ਭਈ ਜਿਹੜੀ ਗੱਲ ਪ੍ਰਭੁ ਨੇ ਨਬੀ ਯਸਾਯਾਹ ਦੀ ਜ਼ਬਾਨੀ ਆਖੀ ਸੀ ਉਹ ਪੂਰੀ ਹੋਵੇ: “ਵੇਖੋ, ਕੁਆਰੀ ਗਰਭਣੀ ਹੋਵੇਗੀ ਅਤੇ ਪੁੱਤ੍ਰ ਜਣੇਗੀ, ਅਤੇ ਉਹ ਉਸਦਾ ਨਾਮ ਇੰਮਾਨੂਏਲ ਰੱਖਣਗੇ।” ਜਿਹ ਦਾ ਅਰਥ ਇਹ ਹੈ, “ਪਰਮੇਸ਼ੁਰ ਅਸਾਡੇ ਸੰਗ।” ਮੱਤੀ 1:22-23

## ਉਨ੍ਹਾਂ ਦੀ ਅਰਾਧਨਾ ਕੀਤੀ ਗਈ:

### ਜੋਤਸ਼ੀਆਂ ਨੇ

ਓਹ ਰਾਜੇ ਦੀ ਸੁਣ ਕੇ ਤੁਰ ਪਏ ਅਤੇ ਵੇਖੋ ਉਹ ਤਾਰਾ ਜਿਹੜਾ ਉਨ੍ਹਾਂ ਨੇ ਚੜ੍ਹਦੇ ਪਾਸੇ ਡਿੱਠਾ ਸੀ ਉਨ੍ਹਾਂ ਦੇ ਅੱਗੇ ਅੱਗੇ ਚੱਲਿਆ ਇੱਥੋਂ ਤੀਕ ਜੋ ਉਸ ਥਾਂ ਦੇ ਉੱਤੇ ਜਾ ਕੇ ਟਿਕਿਆ ਜਿੱਥੇ ਉਹ ਬਾਲਕ ਸੀ। ਅਤੇ ਤਾਰੇ ਨੂੰ ਵੇਖ ਕੇ ਓਹ ਵੱਡੇ ਹੀ ਅਨੰਦ ਹੋਏ। ਅਤੇ ਉਨ੍ਹਾਂ ਨੇ ਉਸ ਘਰ ਵਿੱਚ ਜਾ ਕੇ ਬਾਲਕ ਨੂੰ ਉਹ ਦੀ ਮਾਤਾ ਮਰਿਯਮ ਦੇ ਨਾਲ ਡਿੱਠਾ ਅਰ ਪੈਰੀਂ ਪੈਕੇ ਉਹ ਨੂੰ ਮੱਥਾ ਟੇਕਿਆ। ਮੱਤੀ 2:9-11

### ਉਨ੍ਹਾਂ ਦੇ ਚੇਲਿਆਂ ਨੇ

ਅਤੇ ਝੱਟ ਯਿਸੂ ਨੇ ਹੱਥ ਲੰਮਾ ਕਰਕੇ ਉਹ ਨੂੰ ਫੜ ਲਿਆ ਅਤੇ ਉਹ ਨੂੰ ਆਖਿਆ, ਹੇ ਥੋੜੀ ਪਰਤੀਤ ਵਾਲਿਆ, ਤੈਂ ਕਿਉਂ ਭਰਮ ਕੀਤਾ? ਅਰ ਜਾਂ ਓਹ ਬੇੜੀ ਉੱਤੇ ਚੜ੍ਹ ਗਏ ਤਾਂ ਪੌਣ ਥੰਮ੍ਹ ਗਈ। ਫੇਰ ਜਿਹੜੇ ਲੋਕ ਬੇੜੀ ਉੱਤੇ ਸਨ ਓਹਨਾਂ ਨੇ ਉਸ ਦੇ ਅੱਗੇ ਇਹ ਆਖ ਕੇ ਮੱਥਾ ਟੇਕਿਆ, ਕਿ ਤੂੰ ਸੱਚ ਮੁੱਚ ਪਰਮੇਸ਼ੁਰ ਦਾ ਪੁੱਤ੍ਰ ਹੈਂ। ਮੱਤੀ 14:31-33

ਫੇਰ ਓਹ ਗਿਆਰਾਂ ਚੇਲੇ ਗਲੀਲ ਵਿੱਚ ਉਸ ਪਹਾੜ ਉੱਤੇ ਗਏ ਜਿੱਥੇ ਯਿਸੂ ਉਨ੍ਹਾਂ ਨਾਲ ਠਹਿਰਾਇਆ ਹੋਇਆ ਸੀ ਅਤੇ ਉਨ੍ਹਾਂ ਉਸ ਨੂੰ ਵੇਖ ਕੇ ਮੱਥਾ ਟੇਕਿਆ। ਮੱਤੀ 28:16-17

ਉਹ ਉਨ੍ਹਾਂ ਨੂੰ ਬਾਹਰ ਬੈਤਅਨੀਆ ਦੇ ਸਾਹਮਣੇ ਲੈ ਗਿਆ ਅਰ ਆਪਣੇ ਹੱਥ ਉਠਾ ਕੇ ਉਨ੍ਹਾਂ ਨੂੰ ਅਸੀਸ ਦਿੱਤੀ। ਅਤੇ ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਨੂੰ ਅਸੀਸ ਦੇ ਰਿਹਾ ਸੀ ਤਾਂ ਉਹ ਉਨ੍ਹਾਂ ਤੋਂ ਅਲੱਗ ਹੋਇਆ ਅਰ ਅਕਾਸ਼ ਉੱਤੇ ਉਠਾਇਆ ਗਿਆ। ਅਤੇ ਓਹ ਉਸ ਨੂੰ ਸੀਸ ਨਿਵਾ ਕੇ ਵੱਡੀ ਖੁਸ਼ੀ ਨਾਲ ਯਰੂਸ਼ਲਮ ਨੂੰ ਮੁੜੇ। ਲੂਕਾ 24:50-53

### ਜਿਨ੍ਹਾਂ ਇਸਤਰੀਆਂ ਨੇ ਉਨ੍ਹਾਂ ਦੀ ਸਲੀਬੀ ਮੌਤ ਦੇਖੀ

ਓਹ ਭੈ ਅਤੇ ਵੱਡੀ ਖੁਸ਼ੀ ਨਾਲ ਕਬਰ ਕੋਲੋਂ ਛੇਤੀ ਚੱਲ ਕੇ ਉਹ ਦੇ ਚੇਲਿਆਂ ਨੂੰ ਖ਼ਬਰ ਦੇਣ ਲਈ ਦੌੜੀਆਂ ਗਈਆਂ। ਅਤੇ ਵੇਖੋ ਯਿਸੂ ਉਨ੍ਹਾਂ ਨੂੰ ਮਿਲਿਆ ਅਰ ਬੋਲਿਆ, ਸੁਖੀ ਰਹੋ! ਅਤੇ ਉਨ੍ਹਾਂ ਨੇ ਕੋਲ ਆਣ ਕੇ ਉਹ ਦੇ ਚਰਨ ਫੜੇ ਅਤੇ ਉਸ ਨੂੰ ਮੱਥਾ ਟੇਕਿਆ। ਤਾਂ ਯਿਸੂ ਨੇ ਉਨ੍ਹਾਂ ਨੂੰ ਆਖਿਆ, ਡਰੋ ਨਾ। ਮੱਤੀ 28:8-10

## ਕੁਝ ਲੋਕਾਂ ਵੱਲੋਂ ਬੋਲੇ ਗਏ ਕਥਨ:

### ਯਿਸੂ ਦੇ ਵਿਰੋਧੀਆਂ ਵੱਲੋਂ

ਪਰ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਮੇਰਾ ਪਿਤਾ ਹੁਣ ਤੀਕੁਰ ਕੰਮ ਕਰਦਾ ਹੈ ਅਤੇ ਮੈਂ ਵੀ ਕਰਦਾ ਹਾਂ। ਇਸ ਕਾਰਨ ਯਹੂਦੀ ਹੋਰ ਵੀ ਉਹ ਦੇ ਮਾਰ ਸੁੱਟਣ ਦੇ ਮਗਰ ਪਏ ਕਿਉਂਕਿ ਉਹ ਕੇਵਲ ਸਬਤ ਦੇ ਦਿਨ ਨੂੰ ਹੀ ਨਹੀਂ ਟਾਲਦਾ ਸਗੋਂ ਪਰਮੇਸ਼ੁਰ ਨੂੰ ਆਪਣਾ ਪਿਤਾ ਕਹਿ ਕੇ ਆਪ ਨੂੰ ਪਰਮੇਸ਼ੁਰ ਦੇ ਤੁੱਲ ਬਣਾਉਂਦਾ ਸੀ। ਯੂਹੰਨਾ 5:17-18

ਯਹੂਦੀਆਂ ਨੇ ਉਹ ਨੂੰ ਉੱਤਰ ਦਿੱਤਾ ਕਿ ਸਾਡੇ ਕੋਲ ਸ਼ਰਾ ਹੈ ਅਤੇ ਉਸ ਸ਼ਰਾ ਅਨੁਸਾਰ ਇਹ ਮਰਨ ਜੋਗ ਹੈ ਇਸ ਲਈ ਜੋ ਇਹ ਨੇ ਅਪਣੇ ਆਪ ਨੂੰ ਪਰਮੇਸ਼ਰ ਦਾ ਪੁੱਤਰ ਬਣਾਇਆ। ਯੂਹੰਨਾ 19:7

### ਰਸੂਲ ਪਤਰਸ ਵੱਲੋਂ

ਯਿਸੂ ਨੇ ਉਨ੍ਹਾਂ ਨੂੰ ਕਿਹਾ, ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ ਜੋ ਮੈਂ ਕੌਣ ਹਾਂ? ਸ਼ਮਊਨ ਪਤਰਸ ਨੇ ਉੱਤਰ ਦਿੱਤਾ, ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤ੍ਰ ਹੈਂ। ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿੱਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ। ਮੱਤੀ 16:15-17

### ਰਸੂਲ ਥੋਮਾ ਵੱਲੋਂ

ਬੂਹੇ ਵੱਜੇ ਹੋਏ ਯਿਸੂ ਆਇਆ ਅਤੇ ਵਿੱਚਕਾਰ ਖਲੋ ਕੇ ਬੋਲਿਆ, ਤੁਹਾਡੀ ਸ਼ਾਂਤੀ ਹੋਵੇ। ਫਿਰ ਉਹ ਨੇ ਥੋਮਾ ਨੂੰ ਆਖਿਆ, ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰੇ ਕਰ ਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ। ਥੋਮਾ ਨੇ ਉਹ ਨੂੰ ਉੱਤਰ ਦਿੱਤਾ, ਹੇ ਮੇਰੇ ਪ੍ਰਭੁ ਅਤੇ ਮੇਰੇ ਪਰਮੇਸ਼ੁਰ! ਯਿਸੂ ਨੇ ਉਸ ਨੂੰ ਆਖਿਆ, ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ ਧੰਨ ਉਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ। ਯੂਹੰਨਾ 20:26-29

### ਆਪ ਯਿਸੂ ਵੱਲੋਂ

ਤਦ ਉਨ੍ਹਾਂ ਸਭਨਾਂ ਆਖਿਆ, ਭਲਾ, ਫੇਰ ਤੂੰ ਪਰਮੇਸ਼ੁਰ ਦਾ ਪੁੱਤ੍ਰ ਹੈਂ? ਉਸ ਨੇ ਉਨ੍ਹਾਂ ਨੂੰ ਆਖਿਆ, ਸਤ ਬਚਨ, ਮੈਂ ਉਹੋ ਹਾਂ। ਲੂਕਾ 22:70

“ਮੈਂ ਅਰ ਪਿਤਾ ਇੱਕੋ ਹਾਂ।” ਯੂਹੰਨਾ 10:30

“ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ।” ਯੂਹੰਨਾ 14:9

## 1. The Driver

A driver was once stopped by a police officer. He was a good driver and as far as he knew he had done nothing wrong.

The police officer said, "I pulled you over because you were going 60 through a school zone. There were ten warning signs that the speed limit was 15 and you ignored them all."

Just like the driver had ten warning signs, God has given us ten clear warning signs in the Bible. They are called the Ten Commandments.

Have you ever told a lie, stolen something or used God's name as a curse word? If you're like me the answer is 'yes'.

Listen to what the Bible says:

- *Whoever keeps the whole law and yet stumbles at just one point is guilty of breaking all of it.* James 2:10

God is saying that by breaking one Commandment we have sinned and will be held accountable for breaking all of them, including adultery and murder.

- *God's judgment for our sin is death.* (Banishment to hell because He will not allow sin in His presence). Romans 6:23a

If the story ends here, there is no hope for us…

## 2. The Convict

An innocent man approached a judge and volunteered to be executed in the place of a convicted murderer. The judge consented. The next day the judge told the convict he had a decision to make.

"An innocent man has been put to death in your place. If you will accept his payment for your crime, you are free to go. If you will not accept his payment, you will be executed for your crime. Which do you choose?"

Jesus Christ, the Son of God, was sinless but voluntarily gave his life to pay the penalty for your sins and mine. (God's judgment for our sin is death). Three days later he rose from the dead.

- *God showed his great love for us by sending Jesus to die for us while we were still sinners.* Romans 5:8

- *The gift of God is eternal life in Christ Jesus our Lord.* Romans 6:23b

As a result of Jesus' death in your place, you have two choices:

<u>Receive</u> both God's pardon for your sins and eternal life by repenting (sensing your sinfulness and desiring to turn from it) and placing your trust in the Lord Jesus.

*OR*

<u>Reject</u> both God's pardon for your sins and eternal life by trusting in anyone or anything other than Jesus to make you acceptable to God, thus bearing the penalty for breaking God's law yourself.

- *Whoever believes in the Son has eternal life, but whoever rejects the Son of God will not see life, for God's wrath remains on him.* John 3:36

Knowing about Jesus doesn't mean you believe in Jesus…

## 3. The Skydiver

Skydivers demonstrate their belief in their parachutes when they jump from the plane.

Followers of Jesus demonstrate their belief in Him when God's Spirit changes their thoughts and desires.

- *If anyone is in Christ, he is a new creation; the old has gone, the new has come!* 2 Corinthians 5:17

- *God says, "I will give you a new heart and put a new spirit in you." Ezekiel 36:26*

Just as entering a garage won't make you a mechanic, attending a church won't make you a Christian.

If you would like to receive God's pardon for your sins and the gift of eternal life, consider a prayer like this:

"Jesus, I believe you paid the penalty for my sins when you died on the cross and rose from the dead. I want to turn from my sins and place my trust in you as my Lord. I am willing to follow you the rest of my life. Thank you for the gift of eternal life. Amen."

- *Anyone who calls on the name of the Lord will be saved.* Romans 10:13

The desire of real followers of Jesus is to:

- *Live a life worthy of the Lord, pleasing Him in every way, bearing fruit in every good work, and growing in the knowledge of God.* Colossians 1:10

---

**www.on-tract.com**

Visit our website for:

- This message in over 100 languages
- The Bible's answers to life's questions
- A 30-day email guide to help you follow Jesus
- A video of this message

All resources are FREE.

# Who is Jesus?



## Prophesied by:

### *Daniel*

In my vision at night I looked, and there before me was one like a son of man, coming with the clouds of heaven. He approached the Ancient of Days and was led into his presence. He was given authority, glory and sovereign power; all peoples, nations and men of every language worshiped him. His dominion is an everlasting dominion that will not pass away, and his kingdom is one that will never be destroyed. Daniel 7:13-14

### *Isaiah*

For to us a child is born, to us a son is given, and the government will be on his shoulders. And he will be called Wonderful Counselor, Mighty God, Everlasting Father, Prince of Peace. Of the increase of his government and peace there will be no end. He will reign on David's throne and over his kingdom, establishing and upholding it with justice and righteousness from that time on and forever. Isaiah 9:6-7

All this took place to fulfill what the Lord had said through the prophet Isaiah: "The virgin will be with child and will give birth to a son, and they will call him Immanuel" - which means, "God with us." Matthew 1:22-23

## *Worshiped by:*

### *The Wise Men*

After they had heard the king, they went on their way, and the star they had seen in the east went ahead of them until it stopped over the place where the child was. When they saw the star, they were overjoyed. On coming to the house, they saw the child with his mother Mary, and they bowed down and worshiped him.
Matthew 2:9-11

### *His disciples*

Immediately Jesus reached out his hand and caught Peter. "You of little faith," he said, "why did you doubt?" And when they climbed into the boat, the wind died down. Then those who were in the boat worshiped him, saying, "Truly you are the Son of God." Matthew 14:31-33

Then the eleven disciples went to Galilee, to the mountain where Jesus had told them to go. When they saw him, they worshiped him. Matthew 28:16-17

When he had led them out to the vicinity of Bethany, he lifted up his hands and blessed them. While he was blessing them, he left them and was taken up into heaven. Then they worshiped him and returned to Jerusalem with great joy. Luke 24:50-53

### *The women who saw him crucified*

The women hurried away from the tomb, afraid yet filled with joy, and ran to tell his disciples. Suddenly Jesus met them. "Greetings," he said. They came to him, clasped his feet and worshiped him. Then Jesus said to them, "Do not be afraid." Matthew 28:8-10

www.on-tract.com

## *Statements by:*

### *Jesus' adversaries*

Jesus said to the Jewish religious leaders, "My Father is always at his work to this very day, and I, too, am working." For this reason the Jews tried all the harder to kill him; not only was he breaking the Sabbath, but he was even calling God his own Father, making himself equal with God. John 5:17-18

The Jews insisted to Pilate, "We have a law, and according to that law he must die, because he claimed to be the Son of God." John 19:7

### *The Apostle Peter*

Jesus asked. "Who do you say I am?" Simon Peter answered, "You are the Christ, the Son of the living God." Jesus replied, "Blessed are you, Simon son of Jonah, for this was not revealed to you by man, but by my Father in heaven." Matthew 16:15-17

### *The Apostle Thomas*

Though the doors were locked, Jesus came and stood among them and said, "Peace be with you!" Then he said to Thomas, "Put your finger here; see my hands. Reach out your hand and put it into my side. Stop doubting and believe." Thomas said to him, "My Lord and my God!" Then Jesus told him, "Because you have seen me, you have believed; blessed are those who have not seen and yet have believed." John 20:26-29

### *Jesus Himself*

The Jewish religious leaders all asked, "Are you then the Son of God?" He replied, "You are right in saying I am." Luke 22:70

"I and the Father are one." John 10:30

"Anyone who has seen me has seen the Father." John 14:9